International Journal of Information Movement Vol.I Issue X (February 2017)
Website: www.ijim.in ISSN: 2456-0553 (online) Pages 31-35

# ਬਚਿੱਤਰ ਨਾਟਕ ਇੱਕ ਅਧਿਐਨ

**ਸੁਖਜੀਤ ਕੌਰ**
**ਲੈਕਚਰਾਰ ਖਾਲਸਾ ਕਾਲਜ ਫਾੱਰ ਵੂਮੈਨ**
**ਸਿਵਲ ਲਾਈਨਜ਼, ਲੁਧਿਆਣਾ**
**ਈ-ਮੇਲ: gillsukhjeet25@ymail.com**

## ਬਚਿੱਤਰ ਨਾਟਕ ਇੱਕ ਅਧਿਐਨ

ਭਾਰਤ ਦੇ ਮਧਕਾਲੀਨ ਇਤਿਹਾਸ ਵਿੱਚ ਸਿੱਖ ਗੁਰੂ ਸਾਹਿਬਾਨ ਨੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਰਾਜਸੀ ਜਾਗ੍ਰਿਤੀ ਲਈ ਜੋ ਗੌਰਵ-ਭਰਿਆ ਹਿੱਸਾ ਪਾਇਆ ਉਹ ਆਪਣੀ ਮਿਸਾਲ ਆਪ ਹੈ। ਫਿਰ ਉਨ੍ਹਾਂ ਇਸ ਵਿਕਾਸ-ਯੋਜਨਾ ਲਈ ਜਿਵੇਂ ਸਾਹਿਤ ਦਾ ਹਥਿਆਰ ਭਰਭੂਰ ਮਾਤਰਾ ਵਿੱਚ ਵਰਤਿਆ ਉਜੇਹਾ ਸ਼ਾਇਦ ਕਿਸੇ ਹੋਰ ਧਾਰਮਿਕ ਆਗੂ ਨੇ ਨਹੀਂ ਕੀਤਾ। ਗੁਰੂਆਂ ਦੁਆਰਾ ਰਚੇ ਦੋ ਗ੍ਰੰਥ ਭਾਰਤੀ ਸਾਹਿਤ ਵਿੱਚ ਇੱਕ ਉੱਚਾ ਦਰਜਾ ਰੱਖਦੇ ਹਨ। ਇਹ ਹਨ- ਆਦਿ ਗ੍ਰੰਥ ਤੇ ਦਸਮ ਗ੍ਰੰਥ। ਆਦਿ ਗ੍ਰੰਥ ਆਪਣੀ ਤਰ੍ਹਾਂ ਦਾ ਪਹਿਲਾ ਅਜੇਹਾ ਗ੍ਰੰਥ ਹੈ ਜਿਸ ਵਿੱਚ ਤੇਰ੍ਹਵੀਂ ਤੋਂ ਸਤਾਰਵੀਂ ਸਦੀ ਤੱਕ ਚਾਲੀ ਦੇ ਲਗਭਗ ਮਹਾਂਪੁਰਸ਼ਾਂ ਦੇ ਅਧਿਆਤਮਕ ਬਚਨ 31 ਰਾਗਾਂ ਦੇ ਕ੍ਰਮ ਅਨੁਸਾਰ ਸੰਚਿਤ ਕੀਤੇ ਗਏ ਹਨ। ਇਸ ਵਿੱਚ ਛੇ ਗੁਰੂਆਂ ਦੀ ਬਾਣੀ ਵੀ ਸ਼ਾਮਿਲ ਹੈ। ਗੁਰੂ ਅਰਜਨ ਦੇਵ ਜੀ ਦੀ ਇਹ ਮਹਾਨ ਦੇਣ ਹੈ।[1]

ਦੂਜਾ ਗ੍ਰੰਥ ਦਸਮ ਗ੍ਰੰਥ, ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤ ਸਾਧਨਾ ਦਾ ਉੱਤਮ ਫੱਲ ਹੈ। ਆਪ ਜੀ ਦੀ ਸਖਸ਼ੀਅਤ ਅਧਿਆਤਮਕ ਗੁਰੂ, ਬੀਰ ਸੈਨਾਪਤੀ ਅਤੇ ਵਿਦਵਾਨ ਕਵੀ ਦਾ ਸੰਗਮ ਤਿੰਨੇ ਗੁਣ ਹੀ ਇਸ ਵਿੱਚ ਮਿਲਦੇ ਹਨ।[2] ਗੁਰੂ ਜੀ ਨੇ ਖਾਲਸੇ ਦੀ ਸਥਾਪਨਾ ਕਰਕੇ ਕ੍ਰਾਂਤੀ ਤੇ ਸ਼ਾਂਤੀ ਦੀ ਬੁਨਿਆਦ ਰੱਖੀ। ਮੁਗਲ ਸਾਮਰਾਜ ਦੇ ਵਿਰੁੱਧ ਤੇਗ ਤੇ ਕਲਮ ਦੀ ਸ਼ਕਤੀ ਨੂੰ ਵਰਤਿਆ। ਗੁਰੂ ਜੀ ਦਾ ਜੀਵਨ ਇੱਕ ਨਾਟਕ ਦੀ ਤਰ੍ਹਾਂ ਸੀ ਜਿਸਨੇ ਵੱਖ-ਵੱਖ ਦਰਿਆਵਾਂ ਕਿਨਾਰੇ ਅਲਗ-ਅਲਗ ਝਾਕੀਆ ਦਰਸਾਕੇ ਉੱਤਰ ਤੋਂ ਦੱਖਣ ਤੱਕ ਸਾਰੇ ਹਿੰਦੋਸਤਾਨ ਨੂੰ ਹਲੂਣਾ ਦਿੱਤਾ।[3] ਜਿੱਥੇ ਗੁਰੂ ਜੀ ਖੁਦ ਬਹੁਤ ਵੱਡੇ ਕਵੀ ਸਨ ਉੱਥੇ ਉਹਨਾਂ ਨੇ ਅਨੇਕਾਂ ਕਵੀਆਂ ਦੀ ਸਰਪ੍ਰਸਤੀ ਕੀਤੀ। ਇਹ ਕਾਵਿ ਰਚਨਾ ਇੱਕ ਤਰ੍ਹਾਂ ਮੁਗਲ ਹਕੂਮਤ ਦੇ ਵਿਰੁੱਧ ਬਗਾਵਤ ਸੀ। ਆਪ ਨੇ ਦਸਮ ਗ੍ਰੰਥ ਵਿੱਚ ਹੋਰ ਵੀ ਬਾਣੀ ਲਿਖੀ ਜਿਵੇਂ:- ਜਾਪੁ ਸਾਹਿਬ, ਅਕਾਲ ਉਸਤਤਿ, ਚੰਡੀ ਚਰਿਤਰ, ਉਕਤਿ ਬਿਲਾਸ, ਸ੍ਰੀ ਸ਼ਸਤ੍ਰ ਨਾਮਮਾਲਾ, ਵਾਰ ਦੁਰਗਾ ਕੀ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਜਫ਼ਰਨਾਮਾ, ਬਚਿੱਤਰ ਨਾਟਕ ਆਦਿ। ਬਚਿੱਤਰ ਨਾਟਕ ਉਹਨਾਂ ਦੀ ਸਵੈ ਜੀਵਨੀ ਦੇ ਤੌਰ ਤੇ ਮਹੱਤਵਪੂਰਨ ਸੋਮਾ ਹੈ ਜੋ ਕਿ ਖਾਲਸਾ ਪੰਥ ਤੋਂ ਪਹਿਲਾ ਲਿਖਿਆ ਗਿਆ।[4] ਬਚਿੱਤਰ ਨਾਟਕ ਭਾਰਤੀ ਅਵਤਾਰਾਂ ਦਾ ਪੁਰਾਣਿਕ ਬ੍ਰਿਤਾਂਤ ਹੈ ਜੋ 6356 ਛੰਦਾਂ ਵਿਚ ਅੰਕਿਤ ਹੈ। ਇਹ ਗੁਰੂ ਗੋਬਿੰਦ ਸਿੰਘ ਦੀ ਆਤਮ-ਕਥਾ ਵੀ ਹੈ। ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਮਹਾਨ ਕਵੀ ਸਨ। ਜਿੰਨ੍ਹਾਂ ਨੇ ਆਪਣੀ ਆਤਮਕ-ਕਥਾ ਲਿਖੀ ਹੈ।[5] ਇਸ ਤੋਂ ਪਹਿਲਾ ਕਿਸੇ ਦੀ ਵੀ ਆਤਮ-ਕਥਾ ਲਿਖੀ ਹੋਈ ਨਹੀਂ ਮਿਲਦੀ। ਇਸ ਤੋਂ ਇਲਾਵਾ ਹੋਰ ਕੋਈ ਵੀ ਸਾਨੂੰ ਅਜੇਹਾ ਗ੍ਰੰਥ ਨਹੀਂ ਮਿਲਦਾ ਜਿਸ ਵਿੱਚ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਦੁਰਗਾ ਆਦਿ ਦੀ ਕਥਾ ਨੂੰ ਇੱਕ ਥਾਂ ਤੇ ਦਰਸਾਇਆ ਗਿਆ ਹੋਵੇ। ਗੁਰੂ ਜੀ ਨੇ ਚੇਤਨ ਕਲਾਕਾਰ ਵਾਂਗ ਕੱਚਾ ਮਸਾਲਾ ਵਰਤ ਕੇ ਇਸ ਤੋਂ ਲੋਕ ਜਾਗ੍ਰਿਤੀ ਦਾ ਕੰਮ ਲਿਆ। ਗੁਰੂ ਜੀ ਦੀ ਇਹ ਆਤਮ-ਕਥਾ 1699 ਈ: ਤੋਂ ਪਹਿਲਾਂ ਪੂਰੀ ਹੋ ਚੁੱਕੀ ਸੀ। ਖਾਲਸਾ ਪੰਥ ਉਸ ਤੋਂ ਬਾਅਦ ਵਿੱਚ ਸਾਜਿਆ ਗਿਆ ਸੀ। ਇਹ ਰਚਨਾ ਭੰਗਾਣੀ ਦੇ ਯੁੱਧ 1688 ਨਾਲ ਖਤਮ ਹੋ ਜਾਂਦੀ ਹੈ। ਇਹ ਗੁਰੂ ਗੋਬਿੰਦ ਸਿੰਘ ਦੀ ਉਹ ਮਹਾਨ ਰਚਨਾ ਹੈ ਜਿਸ ਨਾਲ ਅਸੀਂ ਉਹਨਾਂ ਦੀ ਅਜ਼ਾਦ ਸੋਚ ਨੂੰ ਜਾਣ ਸਕਦੇ ਹਾਂ।[6] ਇਹ ਮੰਨਿਆ ਜਾਂਦਾ ਹੈ ਕਿ ਬਚਿੱਤਰ ਨਾਟਕ ਨੂੰ ਪੜ੍ਹਨ ਤੇ ਹੀ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪੰਥ ਨੂੰ ਸਾਜਣ ਦਾ ਮੁੱਖ ਮੰਤਵ ਕੀ ਸੀ। ਬਹੁਤ ਸਾਰੇ ਇਤਿਹਾਸਕਾਰ ਇਹੀ ਮੰਨਦੇ ਹਨ ਕਿ ਉਹਨਾਂ ਦਾ ਉਦੇਸ਼ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨਾ ਸੀ।[7]

ਪਰ ਸ਼ਾਇਦ ਉਹਨਾਂ ਨੇ ਗੁਰੂ ਜੀ ਦੇ ਮਨੋਵਿਗਿਆਨ (Psychological back ground) ਨੂੰ ਪੜ੍ਹਨ ਦਾ ਯਤਨ ਨਹੀਂ ਕੀਤਾ। ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਬਚਿੱਤਰ ਨਾਟਕ ਜੋ ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਪੂਰਾ ਹੋ ਚੁੱਕਾ ਸੀ ਵਿਚ ਗੁਰੂ ਜੀ ਆਪ ਵੀ ਜ਼ਿੰਦਗੀ ਦੇ ਉਦੇਸ਼ ਬਾਰੇ ਵੀ ਲਿਖਦੇ ਹਨ ਕਿ ਉਹਨਾਂ ਨੇ ਇਸ ਧਰਤੀ ਤੇ ਜਨਮ ਕਿਉਂ ਲਿਆ ਉਹ ਧਰਤੀ ਤੇ ਸਾਧੂ ਸੁਭਾਅ ਦੇ ਲੋਕਾਂ ਦੀ ਰੱਖਿਆ ਲਈ ਆਏ ਹਨ ਜਿਸ ਦਾ ਨਤੀਜਾ ਖਾਲਸਾ ਪੰਥ ਹੈ।[8]

ਬਚਿੱਤਰ ਨਾਟਕ ਪਰਮਾਤਮਾ ਦੀ ਉਸਤੱਤ ਨਾਲ ਸ਼ੁਰੂ ਹੁੰਦਾ ਹੈ। ਜਿਸ ਵਿੱਚ ਉਹ ਕਹਿੰਦੇ ਹਨ ਕਿ ਮੈਂ ਮਨ ਲਾ ਕੇ ਸ੍ਰੀ ਸਾਹਿਬ ਭਗੌਤੀ, ਤਲਵਾਰ ਨੂੰ ਨਮਸਕਾਰ ਕਰਦਾ ਹਾਂ, ਮੇਰੀ ਇਹ ਸਹਾਇਤਾ ਕਰੇ ਜੋ ਇਹ ਗਰੰਥ ਪੂਰਾ ਹੋ ਜਾਵੇ।

ਨਮਸ਼ਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤ ਚਿਤੁ ਲਾਇ।।
ਪੂਰਨ ਕਰੋ ਗਰੰਥ ਇਹ ਤੁਮ ਮੁਹਿ ਕਰਹੁ ਸਹਾਇ।।[9]

ਫਿਰ ਗੁਰੂ ਜੀ ਤ੍ਰਿਭੰਗੀ ਛੰਦ ਦੁਆਰਾ 'ਸ੍ਰੀ ਸਾਹਿਬ' ਦੀ ਮਹਿਮਾ ਦਾ ਵਰਣਨ ਕਰਦੇ ਹਨ। ਗੁਰੂ ਕੀ ਕਹਿੰਦੇ ਹਨ ਕਿ ਬਿਨਾ ਰਬ ਦੀ ਰੱਖਿਆ ਤੋਂ ਹੋਰ ਕੋਈ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ।

ਬਿਨਾ ਸਰਨ ਤਾਕੀ ਨਹੀਂ ਔਰ ਓਟੰ।।
ਗਰੀਬ ਨਿਵਾਜ ਨ ਦੂਸਰ ਤੋਸੋ।।[10]

ਸਾਧੂ ਸੰਤਾ ਦੀ ਰੱਖਿਆ ਪਰਮਾਤਮਾ ਹੀ ਕਰਦਾ ਹੈ। ਸੰਤਾ ਦੇ ਦੁੱਖ-ਦਰਦ ਪਰਮਾਤਮਾ ਦੇ ਦੁੱਖ ਦਰਦ ਹਨ ਅਤੇ ਉਹ ਆਪਣੇ ਭਗਤਾਂ ਦੀ ਹਮੇਸ਼ਾ ਰੱਖਿਆ ਕਰਦਾ ਹੈ:-

ਸੰਤਨ ਦੁਖ ਪਾਏ ਤੇ ਦੁਖੀਂ।।
ਸੁਖ ਪਾਏ ਸਾਧਨ ਕੇ ਸੁਖੀਂ।।

ਪਰਮਾਤਮਾ ਗਰੀਬਾਂ ਅਤੇ ਚੰਗਿਆ ਦੇ ਦੁਖ ਕੱਟਣ ਵਾਲਾ ਹੈ। ਪਵਿੱਤਰ ਤਲਵਾਰ ਸਾਰੇ ਦੁੱਖਾਂ ਅਤੇ ਪਾਪੀਆਂ ਦਾ ਨਾਸ਼ ਕਰਨ ਵਾਲੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਅਨੁਸਾਰ ਨੇਕੀ ਅਤੇ ਬਦੀ ਨਾਲ-ਨਾਲ ਚਲਦੀ ਹੈ ਪਰ ਜਿੱਤ ਹਮੇਸ਼ਾ ਨੇਕੀ ਦੀ ਹੀ ਹੁੰਦੀ ਹੈ। ਗੁਰੂ ਜੀ ਨੇ ਪਾਪਾ ਦਾ ਨਾਸ਼ ਕਰਨ ਲਈ ਤਲਵਾਰ ਦੀ ਵਰਤੋਂ ਕੀਤੀ। ਜਿਸ ਤਰ੍ਹਾਂ ਰਾਮ ਨੇ ਰਾਵਣ ਤੇ ਜਿੱਤ ਪ੍ਰਾਪਤ ਕੀਤੀ ਸੀ। ਇੱਕ ਚੰਗਿਆਈ ਦਾ ਪ੍ਰਤੀਕ ਸੀ ਤੇ ਦੂਸਰਾ ਬੁਰਿਆਈ ਦਾ ਪ੍ਰਤੀਕ ਸੀ ਤੇ ਰਾਵਣ ਨੂੰ ਉਸ ਦੇ ਬੁਰੇ ਕੰਮਾਂ ਕਰਕੇ ਕੋਈ ਨਹੀਂ ਬਚਾ ਸਕਿਆ ਸੀ।[11]

ਗੁਰੂ ਜੀ ਅਨੁਸਾਰ ਸਾਰਾ ਬ੍ਰਿਮੰਡ ਸੱਚੇ ਗੁਰੂ ਦੀ ਉਸਤੱਤ ਵਿੱਚ ਲੱਗਾ ਹੋਇਆ ਹੈ। ਕੋਈ ਵੀ ਮਨੁੱਖ ਰਬ ਦੀ ਬਰਾਬਰੀ ਨਹੀਂ ਕਰ ਸਕਦਾ ਪਰ ਪਹਿਲਾ ਇਸ ਵਿਚਾਰਧਾਰਾ ਨੂੰ ਕੋਈ ਨਹੀਂ ਸੀ ਮੰਨਦਾ।[12]

ਜਬ ਪਹਿਲੇ ਹਮ ਸ੍ਰਿਸ਼ਟ ਬਨਾਈ।
ਦਈਤ ਰਚੇ ਦੁਸ਼ਟ ਦੁਖਦਾਈ।
ਤੇ ਭੁਜ ਬਲ ਬਵਰੈ ਹ੍ਵੈ ਗਏ।
ਪੂਜਤ ਪਰਮ ਪੁਰਖ ਰਹਿ ਗਏ।

ਜਿੰਨੇ ਵੀ ਮਹਾਬਲੀ ਹੋਏ ਸਾਰਿਆਂ ਦਾ ਪਰਮਾਤਮਾ ਵੱਲੋਂ ਨਾਸ਼ ਕਰ ਦਿੱਤਾ ਗਿਆ:-

ਤਿਨ ਕੀ ਠਉਰ ਦੇਵਤਾ ਥਾਪੇ।
ਤੇ ਭੀ ਬਲ ਪੂਜਾ ਉਰਝਾਏ।
ਆਪਨ ਹੀ ਪਰਮੇਸ਼ਰ ਕਹਾਏ।

ਗੁਰੂ ਗੋਬਿੰਦ ਸਿੰਘ ਕਹਿੰਦੇ ਹਨ ਜਦੋਂ ਧਰਤੀ ਤੇ ਧਰਮ ਨੂੰ ਠੇਸ ਲਗਦੀ ਹੈ ਤਾਂ ਕਰਤਾ ਪੁਰਖ ਵਿਸ਼ਨੂੰ ਨੂੰ ਹੁਕਮ ਦਿੰਦਾ ਹੈ ਕਿ ਉਹ ਧਰਮ ਰੱਖਿਆ ਲਈ ਧਰਤੀ ਤੇ ਜਨਮ ਲਵੇ। ਇਸ ਕਰਕੇ ਗੁਰੂ ਸਾਹਿਬ ਅਵਤਾਰਾਂ ਨੂੰ ਰਬ ਨਹੀਂ ਮੰਨਦੇ। ਇਹ ਜ਼ਰੂਰ ਆਖਿਆ ਹੈ ਕਿ ਨੇਕੀ ਜਾਂ ਧਰਮ ਦਾ ਪ੍ਰਸਾਰ ਕਰਨ ਵਾਲੇ ਮਹਾਂਪੁਰਸ਼ਾਂ ਵਿੱਚ ਰਬੀ ਜੋਤਿ ਦੀ ਅੰਸ਼ ਦਾ ਪ੍ਰਕਾਸ਼ ਹੁੰਦਾ ਹੈ ਤਾਂ ਹੀ ਉਹ ਬੁਰਿਆਈ ਤੇ ਫਤਹਿ ਪਾ ਕੇ ਨੇਕੀ ਕਮਾਉਂਦੇ ਹਨ। ਗੁਰੂ ਜੀ ਅਨੁਸਾਰ ਲੋਕ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀ ਅਰਾਧਨਾ ਵਿਚ ਲਗੇ ਹਨ ਪਰ ਪਰਮਾਤਮਾ ਇਸ ਤੋਂ ਉਪਰ ਹੈ। ਗੋਰਖ, ਰਾਮਾਨੰਦ ਵਰਗਿਆਂ ਨੇ ਵੀ ਆਪਣੇ-ਆਪਣੇ ਮੱਤ ਕਾਇਮ ਕੀਤੇ ਹੋਏ ਹਨ। ਪਰ ਸੱਚਾ ਪਰਮਾਤਮਾ ਇੱਕੋ ਹੈ:[13]

ਜੇ ਕੋਈ ਹੋਤ ਭਯੋ ਜਗਿ ਸਿਆਨਾ।
ਤਿਨ ਤਿਨ ਅਪਨੋ ਪੰਥੁ ਚਲਾਨਾ।
ਪਰਮ ਪੁਰਖ ਕਿਨਹੂੰ ਨਹ ਪਾਯੋ।
ਬੈਰ ਬਾਦ ਹੰਕਾਰ ਬਢਾਯੋ।

ਗੁਰੂ ਗੋਬਿੰਦ ਸਿੰਘ ਜੀ ਨੇ ਦੱਸਿਆ ਕਿ ਬੇਦੀਆ, ਸੋਢੀਆ ਤੇ ਰਾਮ ਨੇ ਪੁਰਾਣੀ ਪ੍ਰੰਪਰਾ ਨੂੰ ਤੋੜਿਆ ਤੇ ਵੱਖਰੀ ਵਿਚਾਰਧਾਰਾ ਦੀ ਨੀਂਹ ਰੱਖੀ। ਗੁਰੂ ਨਾਨਕ ਦੇਵ ਜੀ ਜੋ ਬੇਦੀ ਸਨ ਉਹਨਾਂ ਨੇ ਕਲਯੁਗ ਦੇ ਅੰਦਰ ਇੱਕ ਨਵੇਂ ਧਰਮ ਦੀ ਨੀਂਹ ਰੱਖੀ। ਜਿਵੇਂ ਰਾਮ ਚੰਦਰ ਜੀ ਨੇ ਆਪਣੇ ਯੁਗ ਵਿਚ ਕੀਤਾ ਸੀ। ਜਿਹੜੇ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਅਪਣਾਇਆ 'ਕਲਯੁਗ' ਦੇ ਅੰਦਰ ਰਬ ਨੇ ਉਹਨਾਂ ਦੇ ਸਾਰੇ ਪਾਪ ਅਤੇ ਬੁਰਾਈਆਂ ਖਤਮ ਕਰ ਦਿੱਤੀਆਂ ਅਤੇ ਉਹਨਾਂ ਨੇ ਮੁੱਕਤੀ ਦੀ ਪ੍ਰਾਪਤੀ ਕੀਤੀ। ਉਸ ਤੋਂ ਬਾਦ ਵਾਲੇ ਅੱਠ ਗੁਰੂਆਂ ਨੇ ਗੁਰੂ ਨਾਨਕ ਦੀ ਉਸੇ ਵਿਚਾਰਧਾਰਾ ਨੂੰ ਪਕੜੀ ਰੱਖਿਆ:[14]

ਭਿੰਨ ਭਿੰਨ ਸਭਹੂੰ ਕਰਿ ਜਾਨਾ।
ਏਕ ਰੂਪ ਕਿਨਹੂ ਪਹਿਚਾਨਾ।
ਜਿਨ ਜਾਨਾ ਤਿਨਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨ ਆਈ।

ਸਾਰੇ ਗੁਰੂਆਂ ਨੂੰ ਇੱਕ ਗੁਰੂ ਨੇ ਹੀ ਅਗਵਾਈ ਦਿੱਤੀ ਅਤੇ ਖੁਦ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਤੋਂ ਹੀ ਅਧਿਆਤਮਕ ਅਗਵਾਈ ਲੈਂਦੇ ਹਨ। ਪਰਮਾਤਮਾ ਨੇ ਹੀ ਉਹਨਾਂ ਨੂੰ ਇਹ ਅਸ਼ੀਰਵਾਦ ਬਖਸ਼ਿਆ ਹੈ ਕਿ ਉਹ ਧਰਤੀ ਤੇ ਆ ਕੇ ਅਸਲੀ ਧਰਮ ਦੀ ਰੱਖਿਆ ਕਰਨ ਅਤੇ ਹਰ ਇੱਕ ਆਦਮੀ ਪ੍ਰਤੀ ਆਪਣੀ ਜੁੰਮੇਵਾਰੀ ਪੂਰੀ ਕਰਨ।[15]

ਬਚਿੱਤਰ ਨਾਟਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਆਪਣੇ-ਆਪ ਨੂੰ ਰਬ ਦਾ ਉਹ ਮਨੁੱਖੀ ਸਾਜ ਸਮਝਦੇ ਹਨ ਜਿਸ ਨੇ ਧਰਤੀ ਤੇ ਸਾਧੂ ਸੁਭਾਅ ਦੇ ਲੋਕਾਂ ਦੀ ਰੱਖਿਆ ਕਰਨੀ ਹੈ। ਉਹ ਰਬ ਦੇ ਨੌਕਰ ਹਨ ਪਰਮਾਤਮਾ ਨਹੀ:-[16]

ਜੇ ਹਮ ਕੋ ਪਰਮੇਸਰ ਉਚਰਿ ਹੈ।
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।
ਮੋਕੋ ਦਾਸੁ ਤਵਨ ਕਾ ਜਾਨੋ।
ਯਾ ਮੇ ਭੇਦੁ ਨ ਰੰਚ ਪਛਾਨੋ।

ਮੈ ਹੋ ਪਰਮ ਪੁਰਖ ਕੋ ਦਾਸਾ।
ਦੇਖਨਿ ਆਯੋ ਜਗਤ ਤਮਾਸਾ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਉਹਨਾਂ ਨੂੰ ਉਹਨਾਂ ਦੇ ਮਾਸਟਰ (ਰਬ) ਨੇ ਧਰਤੀ ਤੇ ਭੇਜਿਆ ਹੈ ਧਰਮ ਦੀ ਰੱਖਿਆ ਦੇ ਲਈ ਸੱਚ ਦੀ ਰੱਖਿਆ ਅਤੇ ਧਰਤੀ ਤੋਂ ਬੁਰਾਈ ਦੀ ਰੱਖਿਆ ਦੇ ਲਈ:[17]

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਯਨਿ ਪਕਰਿ ਪਛਾਰੋ।

ਗੁਰੂ ਗੋਬਿੰਦ ਸਿੰਘ ਜੀ ਦੇ ਅਨੁਸਾਰ ਉਹਨਾਂ ਦੀਆਂ ਲੜਾਈਆਂ ਦਾ ਮਕਸਦ ਵੀ ਗੁਰੂ ਨਾਨਕ ਵਾਂਗ ਬੁਰਾਈਆਂ ਦਾ ਖਾਤਮਾ ਤੇ ਪਰਮਾਤਮਾ ਦੇ ਸੱਚ ਦੇ ਮਕਸਦ ਦੀ ਪੂਰਤੀ ਹੈ। ਹਰ ਜਗ੍ਹਾ ਉਹਨਾਂ ਨੇ ਪਰਮਾਤਮਾ ਨੂੰ ਇਸ ਗੱਲ ਦਾ ਸਿਹਰਾ ਦਿੱਤਾ ਹੈ ਕਿ ਉਸ ਨੇ ਮੈਨੂੰ ਧਰਤੀ ਤੇ ਚੰਗੇ ਕੰਮ ਲਈ ਭੇਜਿਆ ਹੈ ਅਤੇ ਨਾਲ ਹੀ ਉਹ ਸਿੱਖ ਵੀ ਆਉਂਦੇ ਹਨ ਜੋ ਮੇਰਾ ਸਾਥ ਦੇ ਰਹੇ ਹਨ ਤੇ ਆਪਣੇ ਗੁਰੂ ਦਾ ਸਾਥ ਦੇ ਰਹੇ ਹਨ। ਸੱਚ ਦੀ ਖਾਤਰ ਲੜ ਰਹੇ ਹਨ। ਯੁੱਧ ਦੇ ਮੈਦਾਨ ਵਿੱਚ ਪਹੁੰਚੇ ਆਪਣੇ ਦੁਸ਼ਮਣਾਂ ਪ੍ਰਤੀ ਉਹ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ ਬਲਕਿ ਉਹ ਉਹਨਾਂ ਲੋਕਾਂ ਪ੍ਰਤੀ ਨਫ਼ਰਤ ਰੱਖਦੇ ਹਨ ਜੋ ਉਹਨਾਂ ਦੇ ਰਸਤੇ ਵਿੱਚ ਰੁਕਾਵਟ ਪਾ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਔਰੰਗਜੇਬ ਦੇ ਪ੍ਰਤੀ ਵੀ ਆਦਰ ਦੀ ਭਾਵਨਾ ਰੱਖਦੇ ਸਨ ਜੋ ਆਪਣੇ ਧਰਮ ਵਿਚ ਪੂਰਾ ਸੀ ਤੇ ਆਪਣੇ ਧਰਮ ਨੂੰ ਫੈਲਾਉਣ ਵਿੱਚ ਲੱਗਿਆ ਹੋਇਆ ਸੀ।[18] ਪਰ ਇਸ ਬਾਬਰ ਦੇ ਉਤਰਾਅਧਿਕਾਰੀ ਦੀ ਨੀਤੀ ਜ਼ਾਲਮ ਸੀ ਜਿਸ ਨੇ ਬੇਕਸੂਰਾਂ ਤੇ ਬਹੁਤ ਜ਼ੁਲੱਮ ਕੀਤੇ ਪਰ ਗੁਰੂ ਨਾਨਕ ਦੇ ਉਤਰਾਅਧਿਕਾਰੀਆਂ ਨੇ ਅਧਿਆਤਮਕ ਰਾਹ ਤੇ ਚੱਲਦੇ ਹੋਏ ਲੋਕਾਂ ਦੀ ਅਗਵਾਈ ਕੀਤੀ। ਬਾਬਰ ਦੇ ਉਤਰਾਅਧਿਕਾਰੀਆਂ ਨੇ ਲੋਕਾਂ ਤੇ ਜ਼ੁਲਮ ਕੀਤੇ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਗਰੀਬਾਂ ਦੀ ਆਰਥਿਕ ਸਹਾਇਤਾ ਕੀਤੀ ਤੇ ਉਹਨਾਂ ਦੀ ਰੱਖਿਆ ਲਈ ਆਪਣੇ ਪਰਿਵਾਰ ਤੱਕ ਕੁਰਬਾਨ ਕਰ ਦਿੱਤਾ।[19] ਗੁਰੂ ਗੋਬਿੰਦ ਸਿੰਘ ਜੀ ਵੀ ਉਹਨਾਂ ਪ੍ਰਤੀ ਕੋਈ ਚੰਗੀ ਰਾਇ ਨਹੀਂ ਰੱਖਦੇ ਸਨ ਜੋ ਆਪਣੇ ਸਵਾਲ ਹਿੱਤਾਂ ਦੀ ਖਾਤਰ ਦੂਜਿਆ ਨੂੰ ਡਰਾ ਧਮਕਾ ਰਹੇ ਸਨ। ਪਰ ਗੁਰੂ ਜੀ ਕਹਿੰਦੇ ਸਨ ਜਿੰਨ੍ਹਾਂ ਲੋਕਾਂ ਨੂੰ ਪਰਮਾਤਮਾ ਦਾ ਡਰ ਭਓ ਨਹੀਂ ਹੁੰਦਾ ਉਹ ਅਸਫ਼ਲ ਹੁੰਦੇ ਹਨ:-[20]

ਜੇ ਅਪਨੇ ਗੁਰ ਤੇ ਮੁਖ ਫਿਰ ਹੈ।
ਈਹਾਂ ਉਹਾ ਤਿਨਕੇ ਗ੍ਰਿਹਿ ਗਿਰਿ ਹੈ।
ਇਹਾ ਉਪਹਾਸਨ ਸੁਰਪੁਰ ਬਾਮਾ।
ਸਭ ਬਾਤਨ ਤੇ ਰਹੈ ਨਿਰਾਸਾ।

ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਮੁਤਾਬਿਕ ਪਰਮਾਤਮਾ ਇਸ ਧਰਤੀ ਤੇ ਬਾਰ-ਬਾਰ ਕਿਸੇ ਨੇਕ ਇਨਸਾਨ ਨੂੰ ਭੇਜਦਾ ਰਹਿੰਦਾ ਹੈ ਤਾਂ ਜੋ ਜੁਲੱਮ ਕਰਨ ਵਾਲੇ ਲੋਕਾਂ ਦਾ ਖਾਤਮਾ ਕੀਤਾ ਜਾ ਸਕੇ ਤੇ ਮਾਸੂਮਾਂ ਦੀ ਰੱਖਿਆ ਲਈ ਕਈ ਵਾਰ ਪਰਮਾਤਮਾ ਹਥਿਆਰ ਚੁਕਣ ਨੂੰ ਵੀ ਜਾਇਜ਼ ਦੱਸਦਾ ਹੈ। ਇਹ ਸਾਰਾ ਕੁਝ ਗੁਰੂ ਨਾਨਕ ਦੇ ਧਰਮ ਵਿੱਚ ਹੀ ਵਾਪਰਦਾ ਹੈ। ਇਸੇ ਕਰਕੇ ਗੁਰੂਆਂ ਨੇ ਹਥਿਆਰ ਚੁੱਕੇ ਸਨ ਤੇ ਉਹਨਾਂ ਦਾ ਸਾਥ ਸਿੱਖਾਂ ਨੇ ਦਿੱਤਾ ਸੀ।

ਬਚਿੱਤਰ ਨਾਟਕ ਦੇ 7 ਤੋਂ 13 ਅਧਿਆਇ ਵਿਚ ਕਵੀ ਨੇ (ਗੁਰੂ ਗੋਬਿੰਦ ਸਿੰਘ) ਆਪਣੀ ਜ਼ਿੰਦਗੀ ਦੇ ਬਾਰੇ ਦੱਸਿਆ ਹੈ ਕਿ ਉਹਨਾਂ ਦਾ ਬਚਪਨ ਦਾ ਨਾਮ ਗੋਬਿੰਦ ਰਾਇ ਸੀ। ਖਾਲਸਾ ਤੋਂ ਬਾਅਦ ਹੀ ਉਹਨਾਂ ਦਾ ਨਾਮ ਗੋਬਿੰਦ ਸਿੰਘ ਹੋਇਆ। ਪਹਾੜੀ ਰਾਜਿਆਂ ਦੀ ਵਿਰੋਧਤਾ ਕਰਕੇ ਹੀ ਉਹ ਪਾਊਂਟਾ ਸਾਹਿਬ ਵਿਖੇ ਗਏ ਕਿਉਂਕਿ ਉਹ ਕੁਝ ਦੇਰ ਸ਼ਾਂਤੀ ਦੀ ਜ਼ਿੰਦਗੀ ਜਿਉਣਾ ਚਾਹੁੰਦੇ ਸਨ ਪਰ ਇੱਥੇ ਵੀ ਫਤਿਹ ਸ਼ਾਹ ਨੇ ਉਹਨਾਂ ਤੇ ਹਮਲਾ ਕਰ ਦਿੱਤਾ। ਅਸਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਬਚਿੱਤਰ ਨਾਟਕ ਜਿੱਥੇ ਉਹਨਾਂ ਦੀ ਜ਼ਿੰਦਗੀ ਦੇ ਉਦੇਸ਼ ਨੂੰ ਦਰਸਾਉਂਦਾ ਹੈ ਉੱਥੇ ਗੁਰੂ ਅਤੇ ਉਹਨਾਂ ਦੇ ਵਿਰੋਧੀਆਂ ਦੇ ਸੰਘਰਸ਼ ਨੂੰ ਵੀ ਪ੍ਰਗਟ ਕਰਦਾ ਹੈ। ਪਹਿਲਾ ਉਹ ਦੱਸਦੇ ਹਨ ਕਿ ਉਹਨਾਂ ਨੇ ਫਤਿਹ ਸ਼ਾਹ ਨੂੰ ਭੰਗਾਣੀ ਦੇ ਯੁੱਧ ਵਿੱਚ ਹਰਾਹਿਆ। ਨਦੌਣ ਵਿਖੇ ਅਲਿਫ ਖਾਨ ਨੂੰ ਜੋ ਪਹਾੜੀ ਰਾਜਿਆਂ ਤੋਂ ਟੈਕਸ ਇਕੱਠਾ ਕਰਨ ਵਾਸਤੇ ਆਇਆ ਸੀ ਉਸ ਨੂੰ ਭੀਮ ਚੰਦ ਜੋ ਬਿਲਾਸਪੁਰ ਦਾ ਰਾਜਾ ਸੀ। ਬਾਅਦ ਵਿੱਚ ਧੋਖਾ ਦੇ ਕੇ ਮੁਗਲਾਂ ਨਾਲ ਮਿਲ ਗਿਆ। ਔਰੰਗਜੇਬ ਨੇ ਖੁਦ ਆਪਣੇ ਬੇਟੇ ਨੂੰ ਵੀ ਗੁਰੂ ਜੀ ਨੂੰ ਖਤਮ ਕਰਨ ਲਈ ਭੇਜਿਆ ਸੀ ਪਰ ਉਹ ਇਸ ਵਿੱਚ ਸਫਲ ਨਹੀਂ ਹੋ ਸਕਿਆ।[21]

ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਉਸ ਸਮੇਂ ਭਾਰਤ ਵਿਚ ਪੂਜੇ ਜਾਣ ਵਾਲੇ ਦੇਵੀ-ਦੇਵਤਿਆਂ ਦਾ ਵੀ ਵਰਣਨ ਕੀਤਾ ਹੈ। ਸਭ ਤੋਂ ਪਹਿਲਾਂ ਉਹ ਵਿਸ਼ਨੂ ਦੇਵਤਾ ਬਾਰੇ ਦੱਸਦੇ ਹਨ ਜੋ ਉਸ ਸਮੇਂ ਹਿੰਦੂਆਂ ਦਾ ਪ੍ਰਧਾਨ ਦੇਵਤਾ ਸੀ ਫਿਰ ਸੋਲਵਾਂ ਅਵਤਾਰ ਮੰਨੂ ਬਾਰੇ ਦੱਸਿਆ ਹੈ ਕਿ ਉਸ ਨੇ ਮੈਨੂੰ ਸਿੰਮ੍ਰਤੀ ਲਿਖ ਕੇ ਦੁਬਾਰਾ ਹਿੰਦੂ ਲੋਕਾਂ ਨੂੰ ਪੁੱਠੇ ਰਾਹ ਪਾਇਆ। ਸ਼ੈਵ ਮਤ ਬਾਰੇ ਵੀ ਉਹਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਰੁਦਰ ਦੇ ਦੋ ਅਵਤਾਰਾਂ ਤੇ ਪਿੱਛੋਂ ਬ੍ਰਹਮਾ ਦੇ ਸਤ ਅਵਤਾਰਾਂ ਦਾ ਵੀ ਵਰਣਨ ਕੀਤਾ ਹੈ ਪਰ ਨਾਲ ਹੀ ਸਿੱਖ ਧਰਮ ਦੇ ਨਰੋਏ ਜੀਵਨ ਦ੍ਰਿਸ਼ਟੀ-ਕੋਣ ਤੇ ਚਾਨਣ ਪਾਇਆ ਹੈ ਕਿ ਕਿਵੇਂ ਨੌਂ ਗੁਰੂ ਇੱਕ ਜੋਤਿ ਹੋਏ ਅਤੇ ਕਿਵੇਂ ਗੁਰੂ ਤੇਗ ਬਹਾਦੁਰ ਨੇ ਧਰਮ ਦੀ ਖਾਤਰ ਕੁਰਬਾਨੀ ਦਿੱਤੀ:-[22]

ਤਿਲਕ ਜੰਞੂ ਰਾਖਾ ਪ੍ਰਭੁ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜੀਵਨ ਆਦਰਸ਼ ਦਸਦਿਆਂ ਧਰਮਾਂ ਦੀਆਂ ਮੁਢਲੀਆਂ ਕਮਜ਼ੋਰੀਆਂ ਨੂੰ ਵੀ ਦ੍ਰਿਸ਼ਟੀਮਾਣ ਕੀਤਾ ਹੈ। ਫਿਰ ਉਸ ਦੈਵੀ ਵਾਰਤਾਲਾਪ ਦਾ ਵੀ ਵਰਣਨ ਹੈ ਜੋ ਗੁਰੂ ਸਾਹਿਬ ਅਤੇ ਅਕਾਲ-ਪੁਰਖ ਦੇ ਦਰਮਿਆਨ ਹੋਈ।

ਬਚਿੱਤਰ ਨਾਟਕ ਦਾ ਕਲਾ ਪੱਖ ਵੀ ਬਹੁਤ ਵਧੀਆ ਹੈ। ਗੁਰੂ ਜੀ ਨੇ ਇੱਕ ਚੰਗੇ ਕਵੀ ਦੇ ਸਾਰੇ ਗੁਣਾਂ ਨੂੰ ਪ੍ਰਗਟ ਕੀਤਾ ਹੈ। ਬੀਰ ਰਸ ਦੀ ਥਾਂ-ਥਾਂ ਪ੍ਰਧਾਨਤਾ ਹੈ। ਇਸ ਦੀ ਬਹੁਤੀ ਰਚਨਾ ਗੁਰੂ ਜੀ ਨੇ ਜਮੁਨਾ ਕਿਨਾਰੇ ਪਾਊਂਟਾ ਸਾਹਿਬ ਵਿਖੇ ਕੀਤੀ ਜੋ ਕ੍ਰਿਸ਼ਨ ਲੀਲਾ ਦਾ ਕੇਂਦਰ ਰਿਹਾ।[23] ਇਸੇ ਕਰਕੇ ਗੁਰੂ ਜੀ ਨੇ ਵੀ ਕ੍ਰਿਸ਼ਨ ਲੀਲਾ ਦਾ ਵਰਣਨ ਕੀਤਾ ਹੈ:-

ਗਾਵਤ ਗੀਤ ਬਿਲਾਵਲ ਮੈਂ, ਸਭ ਹੀ ਮਿਲਿ ਗੋਪਿਨ ਉੱਜਲ ਕਾਰੀ

ਕਾਨ੍ਹਰ ਕੋ ਭਰਤਾ ਕਰਬੇ ਕਹੁ, ਬਾਛਤ ਹੈ ਪਤਲੀ ਅਰੁ ਭਾਰੀ।

ਗੁਰੂ ਜੀ ਨੇ ਰਾਧਿਕਾ ਦੇ ਰੂਪ ਦੇ ਵਰਣਨ ਕਰਦੇ ਹੋਏ ਸ਼ਿੰਗਾਰ ਰਸ ਵੀ ਵਰਤਿਆ ਹੈ ਤੇ ਜਦੋਂ ਗੋਪੀਆਂ ਵਿਛੋੜੇ ਦਾ ਸ਼ਿਕਾਰ ਹੁੰਦੀਆਂ ਹਨ ਤਾਂ ਕਵੀ ਨੇ ਉੱਥੇ ਦੇ ਬਾਰਾਮਾਹਿਆਂ ਵਿੱਚ ਉਨ੍ਹਾਂ ਦੀ ਦਰਦਨਾਕ ਅਵਸਥਾ ਅੰਕਿਤ ਕੀਤੀ ਹੈ। ਇਸ ਵਿੱਚ ਕ੍ਰਿਸ਼ਨ ਜੀ ਦੀਆਂ ਲੜਾਈਆਂ ਦਾ ਵੀ ਵਰਣਨ ਹੈ ਪਰ ਸੂਰਮਿਆਂ ਦੇ ਅਜੇਹੇ ਨਾਮਾ ਦੀ ਵਰਤੋਂ ਕੀਤੀ ਗਈ ਹੈ ਜੋ ਰੋਜ ਜਗਾਉਣ ਵਾਲੇ ਹਨ ਜਿਵੇਂ:- ਅਜਬ ਸਿੰਘ, ਅਘਟ ਸਿੰਘ, ਅਟਲ ਸਿੰਘ, ਉੱਧ ਸਿੰਘ, ਅਮਿਟ ਸਿੰਘ, ਸ਼ਕਤੀ ਸਿੰਘ, ਖੜਗ ਸਿੰਘ, ਭੀਮ ਸਿੰਘ ਆਦਿ। ਗੁਰੂ ਜੀ ਨੇ ਜੰਗੀ ਛੰਦ-ਰੂਪਾ ਦੀ ਵਰਤੋਂ ਵੀ ਬਹੁਤ ਵਧੀਆ ਤਰੀਕੇ ਨਾਲ ਕੀਤੀ ਹੇ ਜਿਵੇਂ:-

ਜੁਟੇ ਵੀਰੰ। ਛੁਟੇ ਤੀਰੰ। ਜੁਝੇ ਗਾਜ਼ੀ। ਡਿਗੇ ਡਾਜ਼ੀ।
ਬਜੇ ਜੁਆਣ। ਬਾਹੇ ਬਾਣੰ, ਰੁਝੇ ਜੰਗੰ, ਜੁੜੇ ਅੰਗ।

**ਚਾਚਰੀ ਛੰਦ:-**

ਰਣ ਨਾਦ ਬਜਤ। ਸੁਣ ਮੇਘ ਲਜਤ।
ਸਭ ਸਾਜ ਸਜਤ। ਪਰਾ ਦ੍ਵੈ ਨ ਭਜਤ।

**ਹਰਬੋਲਮਨਾ ਛੰਦ:-**

ਭਟ ਗਾਜਹਗੇ, ਘਨ ਲਾਜਹਗੇ।
ਦਲ ਜੁਤਹਗੇ, ਸਰ ਛੂਟਹਗੇ।
ਸਰ ਬਰਖਹਗੇ, ਧਨ ਕਰਖਹਗੇ।
ਅਸ ਬਾਜਹਗੇ, ਹਣਿ ਸਾਜਹਗੇ।

**ਸੰਗੀਤ ਭੁੰਜਗ ਪ੍ਰਯਾਤ ਛੰਦ:-**

ਆਗੜਦੰਗ ਅਰੜੇ ਗਾਗੜਦੰਗ ਗਾਜ਼ੀ।
ਨਾਰਾੜਦੰਗ ਨਾਚੇ ਤਾਗੜਦੰਗ ਤਾਜੀ ।
ਗਜੜਧੰਗ ਜੁੱਝੇ ਲਾਗੜਦੰਗ ਖੇਤੰ।
ਗੁਗੜਦੰਗ ਰਹਸੇ ਪਾਰਾੜਦੰਗ ਪ੍ਰੇਤ।

**ਪੰਜਾਬੀ ਦੀਆਂ ਦੋ-ਤਿੰਨ ਪਉੜੀਆਂ ਵੀ ਲਿਖੀਆਂ ਹਨ:-**

ਵੱਜੇ ਨਾਦ ਸੁਰੰਗੀ, ਧੱਗਾ, ਘੋਰੀਆ
ਨੱਚੇ ਜਾਣ ਫਿਰੰਗੀ, ਵੱਜੇ ਘੁੰਗਰੂ
ਗਦਾ ਤਿਰਸੂਲ ਨਿਖੰਗੀ, ਝੂਲਨ ਬੈਰਖਾ
ਸਾਵਣ ਜਾਣ ਉਮੰਗੀ, ਘਟਾ ਡਰਾਵਣੀ

ਇਸ ਤਰ੍ਹਾਂ ਬਚਿੱਤਰ ਨਾਅਕ ਜਿੱਥੇ ਗੁਰੂ ਦੇ ਮਿਸ਼ਨ ਕਿ ਉਹ ਧਰਤੀ ਤੇ ਸਾਧੂ-ਸੁਭਾਅ ਦੇ ਲੋਕਾਂ ਦੀ ਰੱਖਿਆ ਲਈ ਆਏ ਹਨ ਤੇ ਨਾਲ ਹੀ ਉਹਨਾਂ ਨੇ ਆਪਣੇ ਯੁੱਧਾਂ, ਉਸ ਸਮੇਂ ਦੇ ਸਮਾਜ ਦਾ ਵੀ ਵਰਣਨ ਕੀਤਾ ਹੈ। ਸਾਧੂ ਸੁਭਾਅ ਦੇ ਲੋਕਾਂ ਦੀ ਰੱਖਿਆ ਦੇ ਲਈ ਉਹਨਾਂ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ।

**ਹਵਾਲੇ/ਟਿੱਪਣੀਆਂ**


1. ਤੇਜਾ ਸਿੰਘ, ਮਾਰਟੀਡਮ ਔਫ਼ ਦ ਇਨੋਸੈਂਨਟ ਐਡ ਗੁਰੂ ਗੋਬਿੰਦ ਸਿੰਘਜ਼, ਜਫ਼ਰਨਾਮਾ, ਪਟਿਆਲਾ।
2. ਜੇ.ਐਸ. ਗਰੇਵਾਲ, ਫਰੋਮ ਗੁਰੂ ਨਾਨਕ ਟੂ ਮਹਾਰਾਜਾ ਰਣਜੀਤ ਸਿੰਘ, ਨਿਊ ਦਿੱਲੀ, ਪੰਨਾ, 175
3. ਤੇਜਾ ਸਿੰਘ, ਉਹੀ।
4. ਪਿਆਰਾ ਸਿੰਘ ਪਦਮ, ਦਸਮ ਗ੍ਰੰਥ ਦਰਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ।
5. ਹਰੀ ਰਾਮ ਗੁਪਤਾ, ਹਿਸਟਰੀ ਔਫ ਦਾ ਸਿੱਖਸ
6. ਆਈ.ਬੀ. ਬੈਨਰਜੀ, ਈਵੈਲੂਏਸ਼ਨ ਔਫ਼ ਦ ਖਾਲਸਾ। ਭਾਗ-ਦੂਜਾ।
7. ਜੇ. ਐਸ. ਗਰੇਵਾਲ, ਉਹੀ।
8. ਜੇ. ਐਸ. ਗਰੇਵਾਲ, ਉਹੀ।
9. ਬਚਿੱਤ੍ਰ ਨਾਟਕ, ਦੋਹਰਾ, ਪਹਿਲਾ।
10. ਬਚਿੱਤ੍ਰ ਨਾਅਕ, ਭੁਜੰਗ ਪ੍ਰਯਾਤ ਛੰਦ, 77
11. ਪਿਆਰਾ ਸਿੰਘ ਪਦਮ, ਉਹੀ।
12. ਬਚਿੱਤਰ ਨਾਟਕ, ਚੌਪਈ 6
13. ਬਚਿੱਤਰ ਨਾਟਕ, ਚੋਪਈ 14, 15
14. ਬਚਿੱਤਰ ਨਾਟਕ, ਚੋਪਈ, 10
15. ਜੇ ਐਸ ਗਰੇਵਾਲ, ਉਹੀ
16. ਬਚਿੱਤਰ ਨਾਟਕ, ਚੋਪਈ 371
17. ਜੇ. ਐਸ. ਗਰੇਵਾਲ, ਉਹੀ।
18. ਬਚਿੱਤਰ ਨਾਟਕ, ਚੋਪਈ, 42

International Journal of Information Movement Vol.I Issue X (February 2017)
Website: www.ijim.in ISSN: 2456-0553 (online) Pages 31-35

19. ਪਿਆਰਾ ਸਿੰਘ ਪਦਮ, ਉਹੀ
20. ਬਚਿੱਤਰ ਨਾਟਕ, ਚੋਪਈ 5, ਅਧਿਆਇ ਬਾਰਵਾਂ।
21. ਪਿਆਰਾ ਸਿੰਘ ਪਦਮ, ਉਹੀ।
22. ਬਚਿੱਤਰ ਨਾਟਕ, ਚੋਪਈ, 13
23. ਆਈ. ਬੀ. ਬੈਨਰਜੀ, ਉਹੀ।
24. ਬਚਿੱਤਰ ਨਾਟਕ, ਚੋਪਈ, 46